# ਬਾਬਰੀ ਮਸਜਿਦ ਢਾਉਣ ਦਾ ਵੀਹਵਾਂ ਸਾਲ

6 ਦਸੰਬਰ 1992 ਨੂੰ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਹਿੰਦੁਤਵ ਦੇ ਗੁੰਡਿਆਂ ਨੇ ਸਿਆਸੀ ਲੀਡਰਾਂ ਦੇ ਇਸ਼ਾਰੇ ਤੇ ਤਬਾਹ ਕਰ ਦਿਤਾ ਤੇ ਪੁਲਿਸ ਅਤੇ ਪ੍ਰਸ਼ਾਸਨ ਵੇਖਦੇ ਰਹੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਰੀ ਮਸਜਿਦ ਦੀ ਤਬਾਹੀ ਵਿਚ ਕਾਂਗਰਸ, ਬੀ.ਜੇ.ਪੀ ਅਤੇ ਰਿਆਸਤ ਦੀਆਂ ਏਜੰਸੀਆਂ ਦੀ ਪੂਰੀ ਮਿਲੀ ਭੁਗਤ ਨਾਲ ਕੀਤੀ ਗਈ ਸੀ। ਰਾਜੀਵ ਗਾਂਧੀ ਦੀ ਕਾਂਗਰਸ ਪਾਰਟੀ ਦੀ ਸਰਕਾਰ ਨੇ 1989 ਵਿਚ ਇਸ ਮਸਜਿਦ ਦੇ ਤਾਲੇ ਖੋਲ੍ਹ ਦਿਤੇ ਸੀ ਅਤੇ ਫਿਰ ਬੀ. ਜੇ.ਪੀ ਨੇ ਉਸ ਥਾਂ ਤੇ ਰਾਮ ਮੰਦਿਰ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਜਿਸ ਵੇਲੇ ਇਸ ਮਸਜਿਦ ਨੂੰ ਢਾਇਆ ਜਾ ਰਿਹਾ ਸੀ ਉਸ ਵੇਲੇ ਬੀ.ਜੇ.ਪੀ ਦੇ ਵੱਡੇ ਲੀਡਰ, ਪੁਲੀਸ ਅਤੇ ਫੌਜ ਤਮਾਸ਼ਬੀਨ ਬਣੇ ਰਹੇ।

ਉਸ ਵੇਲੇ ਦੇ ਪ੍ਰਧਾਨ ਮੰਤ੍ਰੀ ਨਰਸਿਮਹਾ ਰਾਉ ਨੇ ਵੀ ਉਸ ਰਾਤ ਰੇਡੀਓ ਅਤੇ ਟੀ.ਵੀ ਤੇ ਸਾਫ਼ ਝੂਠ ਬੋਲਿਆ  ਕਿ ਉਸ ਨੂੰ ਪਤਾ ਨਹੀਂ ਸੀ ਕਿ ਬੀ.ਜੇ.ਪੀ ਇਹ ਭੈੜਾ ਕੰਮ ਕਰੇਗੀ ਜਦਕਿ ਸਰਕਾਰੀ ਅਜੰਸੀਆਂ ਦੀਆਂ ਰਿਪੋਰਟਾਂ ਸਾਫ਼ ਦੱਸ ਰਹੀਆਂ ਸਨ ਕਿ ਮਸੀਤ ਤੋੜਨ ਦਾ ਪੂਰਾ ਪ੍ਰੋਗਰਾਮ ਬਣਾਇਆ ਹੋਇਆ ਹੈ। ਤੇ ਇਹ ਆਮ ਲੋਕਾਂ ਨੂੰ ਵੀ ਪਤਾ ਸੀ ਕਿ ਬਾਬਰੀ ਮਸੀਤ ਤੋੜੀ ਜਾਵੇਗੀ। ਪ੍ਰਧਾਨ ਮੰਤ੍ਰੀ ਵਲੋਂ ਮਗਰਮੱਛ ਦੇ ਹੰਝੂ ਕੇਰਨਾ ਸਿਰਫ਼ ਇਕ ਡਰਾਮਾ ਹੀ ਸੀ। ਇਹ ਸਭ ਕੁਝ ਸਾਰੇ ਹਾਕਮ ਟੋਲੇ ਸ਼ਹਿ ਅਤੇ ਰਜ਼ਾਮੰਦੀ ਨਾਲ ਹੀ ਹੋਇਆ ਸੀ। ਬਾਬਰੀ ਮਸੀਤ ਢਾਉਣ ਦੇ ਬਾਅਦ ਇਕ ਗਿਣੀ ਮਿਣੀ ਸਾਜ਼ਿਸ਼ ਮੁਤਾਬਿਕ ਮੁੰਬਈ ਅਤੇ ਕਈ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਅੱਜ ਤੀਕ ਇਨ੍ਹਾਂ ਜੁਰਮਾਂ ਦੀ ਕਿਸੇ ਨੂੰ ਵੀ ਸਜ਼ਾ ਨਹੀਂ ਦਿਤੀ ਗਈ ਕਿਉਂਕਿ ਮੁਜਰਮਾਂ ਨੂੰ ਸਰਕਾਰ ਤੇ ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਹਾਸਲ ਸੀ। ਇਸ ਤੋਂ ਪਹਿਲਾਂ 1984 ਵਿਚ ਦਿੱਲੀ ਅਤੇ ਹੋਰਨਾਂ ਸ਼ਹਿਰਾਂ ਵਿਚ ਕਾਂਗਰਸ ਦੇ ਆਗੂਆਂ ਦੀ ਅਗਵਾਈ ਹੇਠ ਹਜ਼ਾਰਾਂ ਹੀ ਸਿੱਖਾਂ ਦਾ ਕਤਲ ਕੀਤਾ ਗਿਆ ਸੀ ਤੇ ਇਹਦੇ ਲਈ ਵੀ ਅੱਜ ਤੱਕ ਕਿਸੇ ਨੂੰ ਸਜ਼ਾ ਨਹੀਂ ਮਿਲੀ। ਤੇ ਇਹ ਵੀ ਸਾਫ਼ ਹੈ ਉਨ੍ਹਾਂ ਨੂੰ ਕੋਈ ਵੀ ਸਜ਼ਾ ਨਹੀਂ ਦਿਤੀ ਜਾਵੇਗੀ।

ਹਾਕਮ ਟੋਲੇ ਅਤੇ ਉਨ੍ਹਾਂ ਦੀ ਸਿਆਸੀ ਪਾਰਟੀਆਂ ਕਾਂਗਰਸ ਅਤੇ ਬੀ.ਜੇ.ਪੀ ਨੇ ਬਾਬਰੀ ਮਸੀਤ ਇਸ ਲਈ ਢਾਈ ਸੀ ਕਿ ਉਸ ਵੇਲੇ ਉਨ੍ਹਾਂ ਨੇ ਲਿਬਰਲਾਈਜ਼ੇਸ਼ਨ ਦੇ ਰਾਹ ਤੇ ਚੱਲਣ ਦਾ ਫੈਸਲਾ ਕਰ ਲਿਆ ਸੀ। ਨਰਸਿਮਹਾ ਰਾਉ, ਮਨਮੋਹਨ ਸਿੰਘ ਅਤੇ ਚਿਦੰਬਰਮ ਲਿਬਰਲਾਈਜ਼ੇਸ਼ਨ ਦੇ ਝੰਡਾਬਰਦਾਰ ਸਨ ਅਤੇ ਉਨ੍ਹਾਂ ਨੂੰ ਸਾਮਰਾਜ ਦੀ ਪੂਰੀ ਹਿਮਾਇਤ ਹਾਸਲ ਸੀ। ਪਰ ਹਿੰਦੁਸਤਾਨ ਦੇ ਲੋਕ ਲੁੱਟ ਖਸੁੱਟ ਨੂੰ ਹੋਰ ਤੇਜ਼ ਕਰਨ ਦੇ ਖ਼ਿਲਾਫ਼ ਸੀ। ਲਿਬਰਲਾਈਜ਼ੇਸ਼ਨ ਦੇ ਖ਼ਿਲਾਫ਼ ਆਮ ਲੋਕਾਂ ਵਿਚ ਰੋਹ ਸੀ ਤੇ ਉਹ ਹਾਕਮ ਟੋਲੇ ਦੇ ਰਾਹ ਦਾ ਰੋੜਾ ਬਣ ਰਹੇ ਸਨ। ਬਾਬਰੀ ਮਸੀਤ ਤੋੜਨ ਅਤੇ ਫਿਰਕੂ ਕਤਲੋਗਾਰਤ ਨਾਲ ਹਾਕਮ ਟੋਲੇ ਨੇ ਲੋਕਾਂ ਦਾ ਧਿਆਨ ਲਿਬਰਲਾਈਜ਼ੇਸ਼ਨ ਦੇ ਖ਼ਿਲਾਫ਼ ਸੰਘਰਸ਼ ਤੋਂ ਹਟਾ ਕੇ ਫਿਰਕੂ ਕਤਲੋਗਾਰਤ ਵਿਚ ਪਾ ਦਿਤਾ। ਜਦੋਂ ਮੁਲਕ ਵਿਚ ਕਤਲੋਗਾਰਤ ਦਾ ਬਜ਼ਾਰ ਗਰਮ ਸੀ ਤੇ ਲੋਕ ਭੰਬਲਭੂਸੇ ਵਿਚ ਪਏ ਹੋਏ ਸੀ, ਉਸ ਵੇਲੇ ਪਾਰਲੀਮੈਂਟ ਵਿਚ ਲਿਬਰਲਾਈਜ਼ੇਸ਼ਨ ਲਾਗੂ ਕਰਨ ਦੇ ਕਾਨੂੰਨ ਪਾਸ ਕਰ ਦਿਤੇ।

ਸੀ.ਪੀ.ਆਈ ਅਤੇ ਸੀ.ਪੀ.ਆਈ(ਐਮ) ਦੇ ਕਾਮਰੇਡਾਂ ਨੇ ਵੀ ਹਾਕਮ ਟੋਲੇ ਦੀ ਇਸ ਮੁੱਦੇ ਉੱਤੇ ਪੂਰੀ ਮਦਦ ਕੀਤੀ ਅਤੇ ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ ਕਿ ਕਾਂਗਰਸ ਸੈਕੂਲਰ ਹੈ ਤੇ ਬੀ.ਜੇ.ਪੀ ਫਿਰਕੂ, ਇਸ ਲਈ ਸੈਕੂਲਰ ਕਾਂਗਰਸ ਦਾ ਸਾਥ ਦੇਣਾ ਵੇਲੇ ਮੁਖ ਲੋੜ ਹੈ। ਹਾਕਮ ਟੋਲੇ ਨੇ ਇਕ ਬਾਰ ਫਿਰ ਆਪਣਾ ਪੁਰਾਣਾ ਹਥਿਆਰ ਫਿਰਕੂ ਤਸ਼ੱਦਦ ਆਪਣੇ ਮੰਤਵ ਲਈ ਵਰਤਿਆ ਅਤੇ ਲੋਕਾਂ ਦੇ ਵਿਰੋਧ ਅਤੇ ਰੋਹ ਨੂੰ ਬਿਖੇਰ ਦਿਤਾ। ਕਤਲੋਗਾਰਤ, ਤਬਾਹੀ ਅਤੇ ਅਫਰਾ-ਤਫਰੀ ਹਾਕਮ ਟੋਲੇ ਅਤੇ ਉਨ੍ਹਾਂ ਦੀਆਂ ਪਾਰਟੀਆਂ ਦੀ ਹੁਣ ਪਾਲਸੀ ਹੀ ਬਣ ਗਈ ਹੈ। ਉਹ ਕਿਸੇ ਵੀ ਮਸਲੇ ਦਾ ਸਿਆਸੀ ਅਤੇ ਸਮਾਜੀ ਹੱਲ ਲੱਭਣ ਲਈ ਤਿਆਰ ਨਹੀਂ। ਵੱਡਾ ਸਰਮਾਇਆ ਕੌਮੀ ਅਤੇ ਇੰਟਰਨੈਸ਼ਨਲ ਪੱਧਰ ਤੇ ਕਤਲੋਗਾਰਤ ਅਤੇ ਤਬਾਹੀ ਦਾ ਹੀ ਸਹਾਰਾ ਲੈ ਰਿਹਾ ਹੈ। ਬਾਬਰੀ ਮਸਜਿਦ ਦੀ ਤਬਾਹੀ ਜਾਂ ਅਫ਼ਗਾਨਿਸਤਾਨ, ਇਰਾਕ, ਲਿਬੀਆ ਅਤੇ ਹੋਰਨਾਂ ਥਾਂਵਾਂ ਤੇ ਕਤਲੋਗਾਰਤ ਵੱਡੇ ਸਰਮਾਏ ਲਈ ਬਹੁਤ ਹੀ ਲਾਹੇਵੰਦ ਹਨ।

ਸਿਰਫ਼ ਲੋਕ ਹੀ ਇਕੱਠੇ ਹੋਕੇ ਹਾਕਮ ਟੋਲੇ ਅਤੇ ਉਨ੍ਹਾਂ ਦੀਆਂ ਪਾਰਟੀਆਂ ਦੀਆਂ ਸਾਜ਼ਿਸ਼ਾਂ ਨੂੰ ਸਮਝ ਕੇ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ ਅਤੇ ਮੁਜਰਮਾਂ ਨੂੰ ਸਜ਼ਾ ਦੇ ਸਕਦੇ ਹਨ।